

ਮੋਮਬੱਤੀਆਂ ਜਗਾ ਕੇ ਅਮਨ ਸ਼ਾਂਤੀ ਦਾ ਸੰਦੇਸ਼ ਦਿੰਦੇ ਹੋਏ ਕਾਲਜ ਡਾਇਰੈਕਟਰ ਡਾ. ਸੀ. ਐੱਲ. ਸਚਦੇਵਾ ਅਤੇ ਹੋਰ। (ਗਰੋਵਰ)

# ਇਮਾਨਦਾਰੀ ਤੇ ਸਖਤ ਮਿਹਨਤ ਹਮੇਸ਼ਾ ਸਫਲਤਾ ਵੱਲ ਲਿਜਾਂਦੀ ਹੈ : ਡਾ. ਸਚਦੇਵਾ

ਅਜੀਤਵਾਲ, 19 ਸਤੰਬਰ (ਗਰੋਵਰ) ਲਾਲਾ ਲਾਜਪਤ ਰਾਏ ਇੰਡਸਟਰੀਅਲ ਟ੍ਰੇਨਿੰਗ ਸੈਂਟਰ ਅਜੀਤਵਾਲ ਵਿਖੇ ਜਗਜੀਤ ਸਿੰਘ ਸਹਾਇਕ ਡਾਇਰੈਕਟਰ ਯੂਥ ਸੇਵਾਵਾਂ ਦੀ ਰਹਿਨੁਮਾਈ ਹੇਠ ਇਕ ਰੋਜ਼ਾ ਕੌਮੀ ਸੇਵਾ ਯੋਜਨਾ ਕੈਂਪ ਲਗਾਇਆ ਗਿਆ। ਪ੍ਰੋਗਰਾਮ ਅਫਸਰ ਹਰਮੇਲ ਸਿੰਘ ਅਤੇ ਜਸਦੀਪ ਸਿੰਘ ਨੇ ਵਲੰਟੀਅਰਜ਼ ਤੋਂ ਸੈਂਟਰ ਦੀ ਗਰਾਊਂਡ ਅਤੇ ਚੌਗਿਰਦੇ ਦੀ ਸਫਾਈ ਕਰਵਾਈ। ਪ੍ਰਬੰਧਕੀ ਅਫਸਰ ਇੰਜੀ. ਮਨਮੋਹਨਜੀਤ ਸਿੰਘ ਨੇ ਵਲੰਟੀਅਰਜ਼ ਨੂੰ ਹੱਥੀਂ ਕੰਮ ਕਰਨ ਅਤੇ ਜ਼ਿੰਮੇਵਾਰੀਆਂ ਨਿਭਾਉਣ ਦੀ ਜਾਚ ਸਿਖਾਉਣ ਲਈ ਖੁਦ ਅੱਗੇ ਆ ਕੇ ਅਗਵਾਈ ਕੀਤੀ। ਕਾਲਜ ਡਾਇਰੈਕਟਰ ਡਾ. ਚਮਨ ਲਾਲ ਸਚਦੇਵਾ ਨੇ ਵਲੰਟੀਅਰਜ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਸ਼ਵ ਸ਼ਾਂਤੀ ਉਦੋਂ ਹੀ ਸਥਾਪਤ ਹੋ ਸਕਦੀ ਹੈ, ਜਦੋਂ ਸਾਡੇ ਮਨ ਸ਼ਾਂਤ ਹੋਣਗੇ ਅਤੇ ਮਨ ਸ਼ਾਂਤ ਉਦੋਂ ਹੋਣਗੇ, ਜਦੋਂ ਅਸੀਂ ਆਪਣੀਆਂ ਇਛਾਵਾਂ ਨੂੰ ਅਪਣੀ ਪਹੁੰਚ ਅਨੁਸਾਰ ਰੱਖਾਂਗੇ। ਉਨ੍ਹਾਂ ਕਿਹਾ ਕਿ ਇਮਾਨਦਾਰੀ ਅਤੇ ਸਖਤ ਮਿਹਨਤ ਹਮੇਸ਼ਾਂ ਸਫਲਤਾ ਵੱਲ ਲਿਜਾਂਦੀ ਹੈ। ਇਸ ਮੌਕੇ ਕਾਲਜ ਡਾਇਰੈਕਟਰ ਡਾ. ਚਮਨ ਲਾਲ ਸਚਦੇਵਾ, ਵਰਕਸ਼ਾਪ ਸੁਪਰਡੈਂਟ ਬਚਿੱਤਰ ਸਿੰਘ, ਪ੍ਰਸ਼ਾਸਕੀ ਅਫਸਰ ਮਨਮੋਹਨਜੀਤ ਸਿੰਘ ਅਤੇ ਸਟਾਫ ਮੈਂਬਰਾਂ ਦੁਆਰਾ ਅਮਨ ਸ਼ਾਂਤੀ ਦੇ ਚਿੰਨ੍ਹ ਸਫੈਦ ਕਬੂਤਰ ਉਡਾਏ ਅਤੇ ਸ਼ਾਂਤੀ ਕਾਇਮ ਰੱਖਣ ਲਈ ਮੋਮਬੱਤੀਆਂ ਜਗਾਈਆਂ। ਇਸ ਮੌਕੇ ਆਈ.ਟੀ.ਸੀ. ਦੇ ਵਿਦਿਆਰਥੀਆਂ ਵਲੋਂ ਵੀ ਵਿਸ਼ਵ ਸ਼ਾਂਤੀ ਦੇ ਭਾਸ਼ਣ ਦਿੱਤੇ ਗਏ। ਕਾਲਜ ਡਾਇਰੈਕਟਰ, ਪ੍ਰਬੰਧਕੀ ਕਮੇਟੀ ਅਤੇ ਆਈ. ਟੀ. ਸੀ. ਸਟਾਫ ਵਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।